**Vol 1, Issue 2, July-Sep 2025**
**ISSN: 3107-7579**

International Journal of Advanced Research in Humanities and Social Sciences
An International open-access peer-reviewed Quarterly journal
journal homepage: www.ijarhss.in

# ਦਰਸ਼ਨ ਧੀਰ ਦੇ ਨਾਵਲ: ਅਜਮਾਇਸ਼ ਦਾ ਸਰੋਕ ਸਰੋਕਾਰਿਕ ਅਧਿਐਨ

**ਅਰਚਨਾ ਰਾਣੀ**
**ਰੀਸਰਚ ਸਕਾਲਰ**
**ਕੁਰਸ਼ੇਤਰ ਯੂਨੀਵਰਸਿਟੀ ਕੁਰੂਸ਼ੇਤਰ**

**Keywords**

ਅਜਮਾਇਸ਼, ਤਬਾਹ, ਸੁਰਜੀਤ, ਵੰਡ, ਮਿਹਨਤ

**ABSTRACT**

ਪ੍ਰਸਤੁਤ ਨਾਵਲ ਅਜਮਾਇਸ਼ ਪੰਜਾਬੀ ਮਨੁੱਖ ਦੀਆਂ ਉਹਨਾਂ ਇਤਿਹਾਸਿਕ ਅਤੇ ਸੱਭਿਆਚਾਰਕ ਪ੍ਰੀਖਿਆਵਾਂ ਅਤੇ ਉਲਝਣਾਂ ਦੀ ਪੇਸ਼ਕਾਰੀ ਕਰਦਾ ਹੈ, ਜਿਨਾਂ ਦੇ ਉਹ ਆਪਣੇ ਲੰਮੇ ਇਤਿਹਾਸ ਵਿੱਚ ਵਾਰ ਵਾਰ ਸਨਮੁਖ ਹੁੰਦਾ ਰਿਹਾ ਹੈ। ਸਿੱਟੇ ਵਜੋਂ ਇਹ ਨਾਵਲ ਅਜਿਹੇ ਪੰਜਾਬੀ ਬਿਰਤਾਂਤ ਦੀ ਨਿਰਮਾਣਕਾਰੀ ਦੇ ਰਾਹ ਪੈਂਦਾ ਹੈ ਜਿਸ ਵਿੱਚ ਅਸੀਂ ਪੰਜਾਬੀ ਬੰਦੇ ਦੀ ਉਸ ਜ਼ਿਹਨੀਅਤ ਦੇ ਰੂਬਰੂ ਹੋ ਜਾਂਦੇ ਹਾਂ, ਜਿਸ ਨਾਲ ਉਹ ਆਪਣੀ ਹਰ ਅਜਮਾਇਸ਼ ਵਿੱਚ ਤਬਾਹ ਹੋ ਕੇ ਫਿਰ ਤੋਂ ਸੁਰਜੀਤ ਹੋ ਜਾਂਦਾ ਹੈ। ਇਸੇ ਕਰਕੇ ਇਸ ਨਾਵਲ ਦੇ ਅਰਥ ਵਰਤਮਾਨ ਤੋਂ ਅਤੀਤ ਅਤੇ ਅਤੀਤ ਤੋਂ ਭਵਿੱਖ ਤੱਕ ਦਾ ਸਫਰ ਤੈਅ ਕਰਦੇ ਵੇਖੇ ਜਾ ਸਕਦੇ ਹਨ। ਅਜਮਾਇਸ਼ ਨਾਵਲ ਦੀ ਸਾਰਥਕਤਾ ਤੇ ਪ੍ਰਾਪਤੀ ਹੀ ਇਹ ਹੈ ਕਿ ਇਹ ਸਨ 47 ਦੇ ਬੀਜ ਕਥਾ ਅਤੇ ਇਸ ਦੀਆਂ ਪਸਾਰ ਕਥਾਵਾਂ ਦੀ ਅੰਤਰ ਸੰਬੰਧਤ ਪੇਸ਼ਕਾਰੀ ਰਾਹੀਂ ਇਹ ਸੰਤਾਪ ਦੇ ਵਡੇਰੇ ਦ੍ਰਿਸ਼ਾਂ ਨੂੰ ਸਾਕਾਰ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸੇ ਕਰਕੇ ਇਹ ਦੇਸ਼ ਵੰਡ ਜਾਂ ਸੰਨ 47 ਦੇ ਸਦਮਾ ਗ੍ਰਸਤ ਸਮੂਹਿਕ ਅਨੁਭਵ ਨੂੰ ਇੱਕ ਪਸਾਰੀ ਅਤੇ ਇੱਕ ਕਾਲੀ ਹਾਦਸੇ ਦੇ ਰੂਪ ਵਿੱਚ ਪੇਸ਼ ਕਰਨ ਦੀ ਥਾਂ ਇਸ ਦੇ ਬਹੂ ਪਸਾਰੀ ਅਤੇ ਬਹੂ ਕਾਲੀ ਅਸਰਾਂ ਅਤੇ ਸੰਦਰਭਾਂ ਨੂੰ ਪੇਸ਼ ਕਰਨ ਵਿੱਚ ਸਫਲ ਹੁੰਦਾ ਹੈ।

**Article History**
**Received Date:** 12 July 2025; **Revised:** 19 July, 2025; **Accepted Date:** 28 July 2025; **Published Date:** 30 July 2025

ਪ੍ਰਸਤੁਤ ਨਾਵਲ ਅਜਮਾਇਸ਼ ਵਿੱਚ ਦਰਸ਼ਨ ਧੀਰ ਨੇ ਆਜ਼ਾਦੀ ਤੋਂ ਬਾਅਦ ਦੇਸ਼ ਵੰਡ ਨਾਲ ਹੋਈ ਬਰਬਾਦੀ ਦੀ ਦਾਸਤਾਨ ਨੂੰ ਪੇਸ਼ ਕਰਦੇ ਹੋਏ ਇਹ ਦਰਸ਼ਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਅੰਗਰੇਜ਼ ਸਰਕਾਰ ਨੇ ਕਿਵੇਂ ਆਪਣੇ ਨਿਜੀ ਫਾਇਦੇ ਲਈ ਆਮ ਜਨਤਾ ਵਿੱਚ ਧਰਮ ਦੇ ਨਾਂ ਤੇ ਕਤਲੇਆਮ ਕਰਵਾਇਆ ਅਤੇ ਭਾਰਤ ਤੇ ਪਾਕਿਸਤਾਨ ਦੀ ਵੰਡ ਨੇ ਲੋਕਾਂ ਨੂੰ ਘਰੋਂ ਬੇਘਰ ਕੀਤਾ। ਬੇਘਰ ਹੋਏ ਲੋਕਾਂ ਨੂੰ ਆਪਣਾ ਜੀਵਨ ਨਵੇਂ ਸਿਰੇ ਤੋਂ ਸ਼ੁਰੂ ਕਰਨ ਵਿੱਚ ਬਹੁਤੀਆਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਸਮੁੱਚੇ ਰੂਪ ਵਿੱਚ ਇਸ ਨਾਵਲ ਦੀ ਸਿਰਜਣਧਾਰਾ ਕੁਝ ਮੂਲ ਸਰੋਕਾਰਾਂ ਤੇ ਅਧਾਰਿਤ ਹੈ। ਇਹ ਸਰੋਕਾਰ ਕਥਾਨਕ ਵਿੱਚੋਂ ਚਮਕਵੇਂ ਰੂਪ ਵਿੱਚ ਨਿਹਿਤ ਹਨ। 47 ਦੀ ਵੰਡ ਤੋਂ ਬਾਅਦ ਸਾਧਾਰਨ ਕਿਸਾਨ ਦੇ ਸੰਘਰਸ਼ ਦੇ ਵਿਸ਼ੇ ਦੀ ਖ਼ੂਬਸੂਰਤ ਪੇਸ਼ਕਾਰੀ ਕੀਤੀ ਹੈ। ਧੀਰ ਦੇ ਹੋਰਨਾਂ ਨਾਵਲ ਵਾਂਗ ਅਜਮਾਇਸ਼ ਨਾਵਲ ਦਾ ਬਿਰਤਾਂਤ ਘੱਟੋ ਘੱਟ ਇੱਕ ਸਦੀ ਦੇ ਪੰਜਾਬ ਦੇ ਇਤਿਹਾਸ ਨੂੰ ਆਪਣੇ ਕਲੇਵਰ ਵਿੱਚ ਲੈਂਦਾ ਹੈ। ਇਸ ਵਿਚਲੀ ਕਹਾਣੀ ਦਾ ਰੇਖਾ ਬਿੰਦੂ ਲੱਭੀਏ ਤਾਂ ਇਹ ਬਸਤੀਵਾਦ ਦਾ ਉਹ ਦੌਰ ਹੈ, ਜਦੋਂ ਅੰਗਰੇਜ਼ੀ ਸਾਮਰਾਜ ਪੰਜਾਬ ਦੇ ਆਰਥਿਕ ਸਰੋਤਾਂ ਸਾਧਨਾਂ ਨੂੰ ਆਪਣੇ ਵਡੇਰੇ ਹਿੱਤ ਸਾਧਣ ਲਈ ਵਰਤਦਾ ਹੈ।[1] ਪੰਜਾਬ ਦਾ ਮਿਹਨਤੀ, ਉਦਮੀ ਕਿਸਾਨ ਉਜਾੜਾਂ- ਬੀਆਬਾਨਨੀ ਵਿੱਚ ਕੜੀ ਮਿਹਨਤ ਨਾਲ ਉਹਨੂੰ ਆਬਾਦ ਕਰਦਾ ਹੈ। ਕਿਸਾਨ ਸਾਰਾ ਦਿਨ ਚਾਹੇ ਧੁੱਪ ਹੋਵੇ ਜਾਂ ਮੀਂਹ ਕਣੀ ਉਹ ਕਰੜੀ ਮਿਹਨਤ ਕਰਦਾ ਹੈ, ਕੀ

ਉਹ ਆਪਣੇ ਪਰਿਵਾਰ ਦਾ ਪੋਸ਼ਣ ਕਰ ਸਕੇ। ਆਪਣੀਆਂ ਸਦਰਾਂ ਨੂੰ ਸੁਪਨਿਆਂ ਨੂੰ ਪੂਰਾ ਕਰ ਸਕੇ। ਛੋਟੇ ਕਿਸਾਨਾਂ ਨੂੰ ਆਪਣੀਆਂ ਜਰੂਰਤਾਂ ਦੀ ਪੂਰਤੀ ਲਈ ਆੜਤੀਏ ਤੋਂ ਕਰਜ਼ ਵੀ ਲੈਣਾ ਪੈਂਦਾ ਹੈ ਅਤੇ ਉਹ ਇਸ ਕਰਜ਼ ਥੱਲੇ ਦੱਬਿਆ ਵੀ ਜਾਂਦਾ ਹੈ ਜਿਹੜਾ ਬਾਅਦ ਵਿੱਚ ਉਸ ਦੇ ਸਿਰ ਤੇ ਵੱਡਾ ਭਾਰ ਬਣ ਜਾਂਦਾ ਹੈ ਇਸ ਤਰ੍ਹਾਂ ਤੀਰ ਆਪਣੇ ਨਾਵਲ ਅਜਮਾਇਸ਼ ਵਿੱਚ ਗਰੀਬ ਮਿਹਨਤੀ ਕਿਸਾਨ ਦੀ ਸਥਿਤੀ ਨਾਲ ਅਵਗਤ ਕਰਵਾਉਣ ਵਿੱਚ ਸਫਲ ਹੋਇਆ ਹੈ।

ਨਾਵਲ ਦਾ ਪਾਤਰ ਹਜ਼ਾਰਾਂ ਸਿੰਘ ਪਾਕਿਸਤਾਨ ਵਿੱਚ ਹੋਏ ਕਤਲੇਆਮ ਅਤੇ ਹਿੰਸਾ ਦੇ ਮਾਹੌਲ ਵਿੱਚ ਆਪਣਾ ਅੱਧਾ ਪਰਿਵਾਰ ਗੁਆ ਕੇ ਅੱਧਾ ਨਾਲ ਲੈ ਕੇ ਭਾਰਤ ਵਿੱਚ ਪਹੁੰਚਦਾ ਹੈ। ਭਾਰਤ ਵਿੱਚ ਆ ਕੇ ਆਪਣਿਆਂ ਦੀ ਮਦਦ ਨਾਲ ਅਤੇ ਆਪਣੀ ਕੜੀ ਮਿਹਨਤ ਨਾਲ ਜ਼ਿੰਦਗੀ ਨੂੰ ਨਵੇਂ ਸਿਰਿਓ ਸ਼ੁਰੂ ਕਰਦਾ ਹੈ। ਧੀਰ ਨੇ ਇਸ ਨਾਵਲ ਵਿੱਚ ਪੰਜਾਬ ਦੇ ਗਤੀਸ਼ੀਲ ਪੇਂਡੂ ਸੱਭਿਆਚਾਰ ਦੇ ਦ੍ਰਿਸ਼ ਚਿਤਰਨ ਨਾਲ ਪੇਂਡੂ ਸਮਾਜ ਵਿੱਚ ਖੇਤੀ ਸਿਸਟਮ ਅਤੇ ਬਰਤਾਨਵੀ ਸਮਾਜ ਤੋਂ ਮੁਕਤ ਹੋਣ ਤੋਂ ਬਾਅਦ ਦੀ ਸਥਿਤੀ ਨੂੰ ਗਲਪ ਰੂਪ ਵਿੱਚ ਸਿਰਜਿਆ ਹੈ। ਹਜ਼ਾਰਾਂ ਸਿੰਘ ਛੋਟੀ ਕਿਸਾਨੀ ਦਾ ਪ੍ਰਤੀਨਿਧ ਪਾਤਰ ਹੈ। ਉਹ ਕਿਰਤੀ ਹੈ ਮੁਸ਼ਕਿਲ ਦੀਆਂ ਸਥਿਤੀਆਂ ਵਿੱਚ ਵਿਚਰਦਾ ਹੋਇਆ ਵੀ ਆਪਣੀ ਜ਼ਿੰਦਗੀ ਬਤੀਤ ਕਰ ਰਿਹਾ ਹੈ ਉਹ ਬਹੁਤ ਮਿਹਨਤੀ ਹੈ,ਆਪਣੀ ਭੂਮੀ ਵਿੱਚ ਉਹ ਤੇ ਉਸਦਾ ਪੁੱਤਰ ਨਿਰਮਲ ਹਡ ਤੋੜ ਮਿਹਨਤ ਕਰਦੇ ਹਨ ਅਤੇ ਬੰਜਰ ਪਈ ਸਾਢੇ ਬਾਈ ਏਕੜ ਜਮੀਨ ਨੂੰ ਮਿਹਨਤ ਸਦਕਾ ਉਪਜਾਊ ਬਣਾ ਲੈਂਦੇ ਹਨ।

"ਇਹ ਇੱਕ ਤਰ੍ਹਾਂ ਸਰੱਖਰਾ ਜੂਆ ਸੀ, ਪਰ ਉਸਨੇ ਖੇਡ ਕੇ ਦੇਖਣ ਦਾ ਮਨ ਬਣਾ ਲਿਆ। ਅਸਲ ਚ ਉਸਦੀ ਇਸ ਕਰਨੀ ਪਿੱਛੇ ਉਸਦਾ ਬਾਰ ਵਿਚਲਾ ਤਜਰਬਾ ਕੰਮ ਕਰ ਰਿਹਾ ਸੀ, ਜਿਹੜਾ ਦੱਸਦਾ ਸੀ ਕਿ ਧਰਤੀ ਬੰਜਰ ਨਹੀਂ ਹੁੰਦੀ ਉਹ ਮਿਹਨਤ ਤੇ ਪਾਣੀ ਦੀ ਥੁੜ ਕਰਕੇ ਬੰਜਰ ਹੁੰਦੀ ਹੈ। ਜੇ ਉਹਨੂੰ ਇਹ ਦੋਵੇਂ ਚੀਜ਼ਾਂ ਮਿਲਣ ਲੱਗ ਪੈਣ ਤਾਂ ਦਿਨ 'ਚ ਉਹਨੂੰ ਭਾਗ ਲੱਗ ਜਾਂਦੇ ਹਨ"[2] .ਇਸ ਤਰ੍ਹਾਂ ਨਾਵਲਕਾਰ ਆਪਣੇ ਗਰੀਬ ਮਿਹਨਤੀ ਕਿਸਾਨ ਦੇ ਵਿਸ਼ੇ ਨੂੰ ਪੇਸ਼ ਕਰਨ ਵਿੱਚ ਸਫਲ ਰਿਹਾ ਹੈ ਕਿ ਇੱਕ ਗਰੀਬ ਮਿਹਨਤੀ ਕਿਸਾਨ ਆਪਣੀ ਮਿਹਨਤ ਸਦਕਾ ਬੰਜਰ ਭੂਮੀ ਨੂੰ ਵੀ ਉਪਜਾਊ ਬਣਾਉਣ ਵਿੱਚ ਸਮਰਥ ਹੁੰਦਾ ਹੈ। ਗਰੀਬ ਕਿਸਾਨ ਦੇ ਵਿਸ਼ੇ ਤੋਂ ਇਲਾਵਾ ਨਾਵਲਕਾਰ ਨੇ ਮਨੁੱਖੀ ਰਿਸ਼ਤਿਆਂ ਵਿੱਚ ਅਪਣੱਤਵ, ਸਨਮਾਨ ਅਤੇ ਪਿਆਰ ਦੇ ਵਿਸ਼ੇ ਨੂੰ ਵੀ ਪੇਸ਼ ਕੀਤਾ ਹੈ। ਹਜ਼ਾਰਾਂ ਸਿੰਘ ਜਦੋਂ ਪਾਕਿਸਤਾਨ ਤੋਂ ਉੱਜੜ ਕਿ ਆਪਣੇ ਜੱਦੀ ਪਿੰਡ ਰੁੜਕਾਂ ਕਲਾਂ ਫਟੇਹਾਲ ਅਵਸਥਾ ਵਿੱਚ ਪਹੁੰਚਦਾ ਹੈ ਤਾਂ ਉਸਦੇ ਰਿਸ਼ਤੇਦਾਰ ਮੱਖਣ ਸਿੰਘ, ਕਰਮ ਸਿੰਘ ਹਜ਼ਾਰਾਂ ਸਿੰਘ ਦੀ ਹਰ ਤਰੀਕੇ ਨਾਲ ਮਦਦ ਕਰਦੇ ਹਨ। ਨਾਵਲ ਵਿਚਲੇ ਸਾਰੇ ਹੀ ਪਾਤਰ ਭਾਵੇਂ ਛੋਟੇ ਹੋਣ ਭਾਵੇਂ ਵੱਡੇ ਇੱਕ ਦੂਜੇ ਨੂੰ ਬਹੁਤ ਪਿਆਰ ਤੇ ਸਨਮਾਨ ਦਿੰਦੇ ਹਨ। ਭਾਈਆ ਮੱਖਣ ਸਿੰਘ ਅਤੇ ਕਰਮ ਸਿੰਘ ਹਜ਼ਾਰਾਂ ਸਿੰਘ ਦੀ ਖੇਤੀਬਾੜੀ ਵਿੱਚ ਮਦਦ ਕਰਕੇ ਉਸ ਨੂੰ ਪੁਨਰ ਸੁਰਜੀਤ ਹੋਣ ਵਿੱਚ ਆਪਣੀ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ। ਦੂਜੇ ਪਾਸੇ ਚਾਚੀ ਜਗੀਰੋ ਹਜ਼ਾਰਾਂ ਸਿੰਘ ਦੇ ਘਰ ਕੁਛ ਦਿਨ ਰਹਿ ਕੇ ਉਸ ਦੀ ਕੁੜੀ ਨੂੰ ਘਰ ਦੇ ਸਾਰੇ ਕੰਮ ਕਾਜ ਸਿਖਾਉਣ ਅਤੇ ਦੂਸਰੇ ਬੰਦਿਆਂ ਨਾਲ ਕਿਸ ਤਰ੍ਹਾਂ ਵਿਵਹਾਰ ਕਰਨਾ ਚਾਹੀਦਾ ਹੈ ,ਸਾਰਾ ਕੁਝ ਸਿਖਾਉਂਦੀ ਹੈ। ਜਦੋਂ ਹਜ਼ਾਰਾਂ ਸਿੰਘ ਨੂੰ ਵੱਡੇ ਪੁੱਤਰ ਨਿਰਮਲ ਦੇ ਵਿਆਹ ਦੀ ਚਿੰਤਾ ਹੁੰਦੀ ਹੈ ਤਾਂ ਹਜ਼ਾਰਾਂ ਸਿੰਘ ਆਪਣੇ ਆਪ ਰਿਸ਼ਤੇ ਦੀ ਭਾਲ ਕਰਨ ਤੋਂ ਪਹਿਲਾਂ ਚਾਚਾ ਮੱਖਣ ਸਿੰਘ ਤੇ ਭਰਾ ਕਰਮ ਸਿੰਘ ਨੂੰ ਜਿਆਦਾ ਯੋਗ ਮੰਨਦਾ ਹੈ ਤੇ ਉਹਨਾਂ ਦੇ ਕੀਤੇ ਫੈਸਲੇ ਨੂੰ ਅੰਤਿਮ ਫੈਸਲਾ ਮੰਨਦਾ ਹੈ। ਦੂਜੇ ਪਾਸੇ ਜਦੋਂ ਜੈ ਇੰਦਰ ਦੇ ਵਿਆਹ ਦੀ ਗੱਲ ਪ੍ਰਭਜੋਤ ਨਾਲ ਚੱਲਦੀ ਹੈ ਤਾਂ ਆਪਣੇ ਵੱਡਿਆਂ ਨੂੰ ਸਤਿਕਾਰ ਦਿੰਦੇ ਹੋਏ ਜਿੰਦਰ ਪ੍ਰਭਜੋਤ ਨੂੰ ਕਹਿੰਦਾ ਹੈ

"ਤੁਹਾਨੂੰ ਸ਼ਾਇਦ ਪਤਾ ਹੋਵੇਗਾ ਕਿ ਦੇਸ਼ ਵੰਡ ਸਮੇਂ ਮੇਰਾ ਭਾਈਆ ਜੀ ਆਪਣਾ ਅੱਧਾ ਟੱਬਰ ਪਾਕਿਸਤਾਨ ਵਿੱਚ ਵੰਡ ਦੇ ਲੇਖੇ ਲਾ ਕੇ ਅੱਧੇ ਟੱਬਰ ਨੂੰ ਲੈ ਕੇ ਉਜੜੇ ਪੁੱਜੜੇ ਦਿਲ ਦੀਆਂ ਲੀਰਾਂ ਦੀ ਗੱਠੜੀ ਸਿਰ ਤੇ ਰੱਖੀ, ਰੁਲਦੇ ਪੁਲਦੇ ਸਾਡੀਆਂ ਤੀਆਂ ਦੀਆਂ ਉਂਗਲਾਂ ਫੜੀ ਕਿਸੇ ਨਾ ਕਿਸੇ ਤਰ੍ਹਾਂ ਆਪਣੇ ਜੱਦੀ ਪਿੰਡ ਰੁੜਕਾਂ ਕਲਾਂ, ਸ਼ਰੀਕੇ' ਚੋਂ ਚਾਚਾ ਮੱਖਣ ਸਿੰਘ ਦੇ ਘਰ ਪੁੱਜੇ ਸਨ। ਬਾਬੇ ਮੱਖਣ ਸਿੰਘ ਜੀ ਤੇ ਤਾਏ ਕਰਮ ਸਿੰਘ ਜੀ ਨੇ ਸਾਨੂੰ ਸਾਂਭਿਆ ਹੀ ਨਹੀਂ ਸਗੋਂ ਪੈਰਾਂ ਭਾਰ ਵੀ ਕੀਤਾ। ਮੈਂ ਇਹਨਾਂ ਦੋਹਾਂ ਸ਼ਖਸ਼ੀਅਤਾਂ ਦਾ ਦਿਲ ਦੀਆਂ ਗਹਿਰਾਈਆਂ ਨਾਲ ਦੇਣਦਾਰ ਹਾਂ ਇਹ ਜੋ ਵੀ ਹੁਕਮ ਕਰਨ ਮੇਰੇ ਲਈ ਧੁਰ ਦੀ ਬਾਣੀ ਏ "[3] ਇਸ ਤਰ੍ਹਾਂ ਨਾਵਲਕਾਰ ਰਿਸ਼ਤਿਆਂ ਵਿੱਚ ਪਿਆਰ ਤੇ ਸਤਿਕਾਰ ਦੇ ਵਿਸ਼ੇ ਨੂੰ ਪੇਸ਼ ਕਰਨ ਵਿੱਚ ਸਫਲ ਹੁੰਦਾ ਹੈ।

ਧੀਰ ਨੇ ਅਜਮਾਇਸ਼ ਨਾਵਲ ਵਿੱਚ ਨਸ਼ੇ ਦੀ ਸਮੱਸਿਆ ਨੂੰ ਗੰਭੀਰ ਵਿਸ਼ੇ ਦੇ ਰੂਪ ਵਿੱਚ ਪ੍ਰਸਤੁਤ ਕੀਤਾ ਹੈ। ਉਸ ਨੇ ਨਾਵਲ ਵਿੱਚ ਥਾਂ ਥਾਂ ਅਤੇ ਸਮੇਂ ਸਮੇਂ ਸਿਰਫ ਪਾਤਰਾਂ ਨੂੰ ਨਸ਼ਾ ਕਰਦੇ ਹੋਏ ਪੇਸ਼ ਕੀਤਾ। ਇੱਕ ਆਮ ਕਹਾਵਤ ਹੈ ਕਿ" ਨਸ਼ਾ ਨਾਸ਼ ਕਰਦਾ ਹੈ", ਨਸ਼ਾ ਕਰਨ ਵਾਲੀਆਂ ਨੂੰ ਭਲੀਭਾਂਤ ਇਹ ਪਤਾ ਹੁੰਦਾ ਹੈ ਕਿ ਨਸ਼ਿਆਂ ਨਾਲ ਨੁਕਸਾਨ ਹੁੰਦਾ ਹੈ, ਪਰ ਉਹ ਫਿਰ ਵੀ ਨਸ਼ਿਆਂ ਦੇ ਟੋਏ ਵਿੱਚ ਡਿੱਗਦੇ ਜਾਂਦੇ ਹਨ। ਕਈ ਨੌਜਵਾਨ ਪੜ੍ਹਨ ਲਿਖਣ ਤੋਂ ਬਾਅਦ ਨੌਕਰੀ ਨਾ ਮਿਲਣ ਕਰਕੇ ਇਸ ਦਾ ਸ਼ਿਕਾਰ ਹੋ ਜਾਂਦੇ ਹਨ। ਸਰਕਾਰ ਨੇ ਨਸ਼ਾਬੰਦੀ ਸਬੰਧੀ ਕਈ ਕਾਨੂੰਨ ਪਾਸ ਕੀਤੇ ਹਨ ਤਾਕਿ ਲੋਕ ਨਸ਼ਿਆਂ ਤੋਂ ਦੂਰ ਰਹਿਣ। ਪਰ ਇਹਨਾਂ ਕਾਨੂੰਨਾਂ ਦਾ ਕੋਈ ਲਾਭ ਨਹੀਂ ਹੈ। ਨਾਵਲ ਵਿਚਲੇ ਪਾਤਰ ਨਸ਼ਾ ਵੀ ਕਰਦੇ ਹਨ ਤੇ ਨਸ਼ੇ ਕਾਰਨ ਹੁੰਦੇ ਨੁਕਸਾਨ ਤੋਂ ਔਗਤ ਕਰਵਾਉਂਦੇ ਹੋਏ ਨਸ਼ਾ ਨਾ ਕਰਨ ਦੀ ਨਸੀਹਤ ਵੀ ਦਿੰਦੇ ਨਜ਼ਰ ਆਉਂਦੇ ਹਨ। ਜਿਵੇਂ ਜਦੋਂ ਨਿਰਮਲ ਦੇ ਘਰ ਪੁੱਤਰ ਦਾ ਜਨਮ ਹੁੰਦਾ ਹੈ ਤਾਂ ਉਹ ਆਪ ਵੀ ਨਸ਼ਾ ਕਰਕੇ ਖੁਸ਼ੀ ਮਨਾਉਂਦਾ ਹੈ ਤੇ ਨਾਲ ਨਾਲ ਕੰਮ ਕਰਨ ਵਾਲੇ ਮੁੰਡਿਆਂ ਨੂੰ ਵੀ ਨਸ਼ਾ ਕਰਵਾਉਂਦਾ ਹੈ ਉਸ ਦੇ ਇਹਨਾਂ ਬੋਲਾਂ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ:"ਚਾਚਾ, ਬੜਾ ਖੁਸ਼ ਲੱਗਦਾ। ਅੱਜ ਕੋਈ ਖਾਸ ਗੱਲ ਐ?" ਜੇ ਅੱਜ ਆਪਾਂ ਖੁਸ਼ ਨਹੀਂ ਹੋਣਾ ਤਾਂ ਕਦ ਹੋਣਾ, ਤੈਨੂੰ

ਨਹੀਂ ਪਤਾ ਕਿ ਮੈਂ ਅੱਜ ਕਾਹਤੇ ਇੰਨਾ ਖੁਸ਼ ਹਾਂ?" ਨੀ ਮੈਨੂੰ ਨਹੀਂ ਪਤਾ ਚਾਚਾ"। ਉਸ ਮੁਸਕੁਰਾ ਕੇ ਅਥਰੂ ਵੱਲ ਟੇਡੀ ਨਜ਼ਰ ਨਾਲ ਦੇਖਦਿਆਂ ਬੜੇ ਗਰਬ ਨਾਲ ਕਿਹਾ, ਅੱਜ ਤੁਹਾਡੇ ਛੋਟੇ ਭਰਾ ਦਾ ਜਨਮ ਹੋਇਆ , ਅੱਜ ਖੁਸ਼ੀ ਮਨਾਉਣ ਦਾ ਦਿਨ ਆ"[4] ਇਸ ਦੇ ਨਾਲ ਹੀ ਉਹ ਅਥਰੂ ਨੂੰ ਦਾਰੂ ਦਾ ਗਲਾਸ ਫੜਾਉਣ ਲਈ ਕਹਿੰਦਾ ਹੈ। ਇਸ ਤਰ੍ਹਾਂ ਧੀਰ ਨੇ ਪ੍ਰਸਤੁਤ ਨਾਵਲ ਵਿੱਚ ਨਸ਼ੇ ਦੀ ਸਮੱਸਿਆ ਨੂੰ ਵਿਸ਼ੇ ਦੇ ਤੌਰ ਤੇ ਪੇਸ਼ ਕਰਨ ਦੇ ਨਾਲ ਨਾਲ ਨਸ਼ਾ ਕਰਨ ਦੇ ਨਾਲ ਹੋਣ ਵਾਲੇ ਨੁਕਸਾਨਾਂ ਤੋਂ ਸੁਚੇਤ ਕਰਦੇ ਹੋਏ ਪਾਤਰਾਂ ਦੇ ਰਾਹੀਂ ਨਸ਼ਾ ਨਾ ਕਰਨ ਦੀ ਸਿੱਖਿਆ ਦੇਣ ਦਾ ਵੀ ਭਰਪੂਰ ਯਤਨ ਕੀਤਾ ਹੈ।

ਧੀਰ ਨੇ ਆਪਣੇ ਨਾਵਲਕਾਰੀ ਰਾਹੀਂ ਭਰਿਸ਼ਟਾਚਾਰ ਦੀ ਵੱਧ ਦੀ ਬਿਮਾਰੀ ਨੂੰ ਵਿਸ਼ੇ ਰੂਪ ਵਿੱਚ ਸਮਾਜ ਅੱਗੇ ਪੇਸ਼ ਕੀਤਾ ਹੈ ਕਿ ਕਿਸ ਤਰ੍ਹਾਂ ਭਰਿਸ਼ਟਾਚਾਰ ਦੀ ਬਿਮਾਰੀ ਸਾਡੇ ਸਮਾਜ ਦੀਆਂ ਜੜਾਂ ਨੂੰ ਖੋਕਲਾ ਕਰ ਰਹੀ ਹੈ। ਰਿਸ਼ਵਤ ਦਿੱਤੇ ਬਿਨਾਂ ਕੋਈ ਵੀ ਕੰਮ ਨੇਪਰੇ ਨਹੀਂ ਚੜਦਾ ਜਿਵੇਂ ਕਿ ਪ੍ਰਭਜੋਤ ਹਰ ਪੱਖੋਂ ਨੌਕਰੀ ਲਈ ਕਾਬਿਲ ਸੀ ਪਰ ਫਿਰ ਵੀ ਉਸ ਦੀ ਨੌਕਰੀ ਲਈ ਉਸਦੇ ਪਿਓ ਨੂੰ ਵੱਡੀ ਪਹੁੰਚ ਦਾ ਸਹਾਰਾ ਲੈਣਾ ਹੀ ਪਿਆ। ਜਿਹੜਾ ਸਮਾਜ ਵਿੱਚ ਵਿਆਪਤ ਭਰਿਸ਼ਟਾਚਾਰ ਦੇ ਦਰਸ਼ਨ ਕਰਵਾਉਂਦਾ ਹੈ। ਗੋਲਡ ਮੈਡਲਿਸਟ ਜੈ ਇੰਦਰ ਦੀ ਨਿਯੁਕਤੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਲੈਕਚਰਾਰ ਤੌਰ ਤੇ ਹੋਣੀ ਸੀ,ਪਰ ਇਸ ਭ੍ਰਿਸ਼ਟਾਚਾਰ ਦੀ ਬਿਮਾਰੀ ਅੱਗੇ ਉਸਦੀ ਇਮਾਨਦਾਰੀ ਤੇ ਕਾਬਲੀਅਤ ਗੋਡੇ ਟੇਕ ਦਿੰਦੀ ਹੈ। ਇੰਟਰਵਿਊ ਵੀ ਵਧੀਆ ਹੋਇਆ ਤੇ ਜਦੋਂ ਪੰਦਰਾਂ ਦਿਨਾਂ ਤੱਕ ਕੋਈ ਜਵਾਬ ਨਹੀਂ ਆਇਆ ਤਾਂ ਉਹ ਆਪ ਕਾਲਜ ਤੋਂ ਪਤਾ ਕਰਨ ਲਈ ਫੋਨ ਕਰਦਾ ਹੈ, ਆਖਿਰ ਇੰਨੀ ਦੇਰ ਕਿਉਂ ਲੱਗ ਰਹੀ ਹੈ। ਉਧਰ ਡਾਕਟਰ ਕੋਸ਼ਿਕ ਤੋਂ ਉਸ ਨੂੰ ਪਤਾ ਲੱਗਦਾ ਹੈ ਕਿ ਉਸ ਦੀ ਥਾਂ ਕਿਸੇ ਹੋਰ ਦੀ ਸਿਫਾਰਿਸ਼ ਨਾਲ ਅਪੋਇੰਟਮੈਂਟ ਕੀਤੀ ਗਈ ਹੈ। ਉਹ ਉਸਨੂੰ ਦੱਸਦਾ ਹੈ ਕਿ ਸੀ. ਐਮ. ਨੇ ਵੀ. ਸੀ ਸਾਹਿਬ ਨੂੰ ਬੁਲਾ ਕੇ ਕਿਹਾ ਹੈ:" ਉਸ ਥਾਂ ਤੇ ਇਸ ਦੀ ਅਪੋਆਇੰਟਮੈਂਟ ਹੋਣੀ ਚਾਹੀਦੀ ਐ; ਉਸਨੇ ਵੀ. ਸੀ ਸਾਹਿਬ ਦੇ ਚਿਹਰੇ ਵੱਲ ਸਿੱਧਾ ਦੇਖਦਿਆਂ ਕਿਹਾ।"ਸਰ ਸਾਰਾ ਪੈਨਲ ਗੋਲਡ ਮੈਡਲਿਸਟ ਜੈ ਇੰਦਰ ਸਿੰਘ ਚੀਮੇ ਨੂੰ ਉਸ ਪੋਸਟ ਤੇ ਰੱਖਣਾ ਚਾਹੁੰਦਾ ਏ।" "ਤੂੰ ਕੀ ਚਾਹੁੰਦਾ ਏ, ਪਹਿਲਾਂ ਉਸ ਬਾਰੇ ਸੋਚ ਲੈ?" ਉਸ ਸਿੱਧਾ ਵੀ. ਸੀ ਸਾਹਿਬ ਦੀਆਂ ਅੱਖਾਂ' ਚ ਦੇਖਦਿਆਂ ਪੁੱਛਿਆ?"ਵੀ .ਸੀ ਸਾਹਿਬ ਦੀ ਜਮੀਰ ਤੇ ਢਿੱਡ ਕੁਛ ਚਿਰ ਆਪਸ ਵਿੱਚ ਗੁੱਥਮ ਗੁੱਥਾ ਹੁੰਦੇ ਰਹੇ । ਅੰਤ ਢਿੱਡ ਨੇ ਜਮੀਰ ਨਾਂ ਦੀ ਚੀਜ਼ ਦੇ ਅਜਿਹੀ ਟਿੱਬੀ ਮਾਰੀ ਕੀ ਉਹ ਵਿਚਾਰੀ ਮੂੰਹ ਭਾਰ ਜਾ ਪਈ। ਉਸ ਦੀ ਪਿੱਠ ਲੱਗਦਿਆਂ ਹੀ ਵੀ .ਸੀ ਸਾਹਿਬ ਦੇ ਮੂੰਹੋਂ ਬੇਵਸ਼ਾ ਮਸ਼ੀਨ ਵਾਂਗ ਨਿਕਲ ਗਿਆ," ਸਰ, ਜੋ ਆਗੀਆ"[3] ਭਰਸ਼ਟਾਚਾਰ ਕਾਰਨ ਹੀ ਜੈ ਇੰਦਰ ਗੋਲਡ ਮੈਡਲਿਸਟ ਤੇ ਕਾਬਿਲ ਹੋਣ ਦੇ ਬਾਵਜੂਦ ਵੀ ਕਾਲਜ ਵਿੱਚ ਪੱਕੀ ਨੌਕਰੀ ਤੇ ਨਹੀਂ ਲੱਗ ਸਕਿਆ। ਸਾਡੇ ਦੇਸ਼ ਵਿੱਚ ਭ੍ਰਿਸ਼ਟਾਚਾਰ ਇਹਨਾਂ ਜਿਆਦਾ ਫੈਲ ਗਿਆ ਹੈ ਕਿ ਦੇਸ਼ ਦਾ ਕੋਈ ਵੀ ਹਿੱਸਾ ਇਸ ਤੋਂ ਬਚਿਆ ਹੀ ਨਹੀਂ ਹੈ। ਦੁਨੀਆਂ ਦਾ ਹਰ ਇੱਕ ਬੰਦਾ ਭਰਿਸ਼ਟਾਚਾਰ ਦੇ ਰਾਹ ਤੇ ਤੁਰ ਰਿਹਾ ਹੈ।ਇਸ ਨੂੰ ਜੜ ਤੋਂ ਖਤਮ ਕਰਨਾ ਕਿਸੇ ਇੱਕ ਬੰਦੇ ਦੇ ਵੱਸ ਦੀ ਗੱਲ ਨਹੀਂ ਇਸ ਬੁਰਿਆਈ ਨੂੰ ਖਤਮ ਕਰਨ ਲਈ ਸਾਰਿਆਂ ਨੂੰ ਮਿਲ ਕੇ ਹੱਲ ਕੱਢਣਾ ਪਵੇਗਾ ਤਾਂ ਹੀ ਅਸੀਂ ਦੇਸ਼ ਨੂੰ ਤਰੱਕੀ ਦੇ ਰਾਹ ਤੇ ਲੈ ਕੇ ਜਾ ਸਕਦੇ ਹਾਂ।

ਨਾਵਲ ਦੇ ਕਥਾਨਕੀ ਵੇਰਵਿਆਂ ਵਿੱਚ ਦਰਸ਼ਨ ਧੀਰ ਨੇ ਵੰਡ ਤੋਂ ਬਾਅਦ ਹਿੰਦੂ ਸਿੱਖ ਅਤੇ ਮੁਸਲਿਮ ਧਰਮ ਵਿੱਚ ਵੰਡ ਤੋਂ ਬਾਅਦ ਵੀ ਪਿਆਰ ਮੁਹੱਬਤ ਦੀ ਸਾਂਝ ਨੂੰ ਪੇਸ਼ ਕਰਦੇ ਹੋਏ ਬਿਆਨ ਕੀਤਾ ਹੈ ਕਿ, ਹਜ਼ਾਰਾਂ ਸਿੰਘ ਅਤੇ ਸ਼ਾਹ ਮੁਹੰਮਦ ਦੇਸ਼ ਵੰਡ ਤੋਂ ਪਹਿਲਾ ਇਕੱਠੇ ਭਰਾ ਵਾਂਗੂੰ ਰਹਿੰਦੇ ਸਨ। ਸ਼ਾਹ ਮੁਹੰਮਦ ਅਤੇ ਉਸ ਦਾ ਪਰਿਵਾਰ ਚੱਕ ਬਤਾਲੀ ਵਿੱਚ ਹੋਏ ਕਤਲੇਆਮ ਸਮੇਂ ਉਹਨਾਂ ਦੀ ਰੱਖਿਆ ਲਈ ਪੂਰੀ ਮਦਦ ਕਰਦਾ ਹੈ। ਵੰਡ ਤੋਂ ਬਾਅਦ ਜਦੋਂ ਹਜ਼ਾਰਾਂ ਸਿੰਘ ਭਾਰਤ ਆ ਜਾਂਦਾ ਹੈ ਤਾਂ ਉਦੋਂ ਵੀ ਸ਼ਾਹ ਮੁਹੰਮਦ ਅਤੇ ਉਸ ਦੇ ਪਰਿਵਾਰ ਦਾ ਮੋਹ ਪਿਆਰ ਉਸੇ ਤਰ੍ਹਾਂ ਹੀ ਹਜ਼ਾਰਾਂ ਸਿੰਘ ਦੇ ਪਰਿਵਾਰ ਨਾਲ ਰਹਿੰਦਾ ਹੈ, ਜਿਵੇਂ ਕਿ ਵੰਡ ਤੋਂ ਪਹਿਲਾਂ ਸੀ। ਜਦੋਂ ਹਜ਼ਾਰਾਂ ਸਿੰਘ ਪਾਕਿਸਤਾਨ ਜਾਂਦਾ ਹੈ ਤਾਂ ਸ਼ਾਹ ਮੁਹੰਮਦ ਦਾ ਪਰਿਵਾਰ ਹਜ਼ਾਰਾਂ ਸਿੰਘ ਅਤੇ ਉਸਦੇ ਪਰਿਵਾਰ ਦਾ ਪੂਰੇ ਦਿਲੋ ਸਨਮਾਨ ਕਰਦੇ ਹਨ ਅਤੇ ਜਦੋਂ ਸ਼ਾਹ ਮੁਹੰਮਦ ਹਜ਼ਾਰਾ ਸਿੰਘ ਦੇ ਵੱਡੇ ਪੁੱਤਰ ਨਿਰਮਲ ਦੇ ਵਿਆਹ ਤੇ ਭਾਰਤ ਆਉਂਦੇ ਹਨ,ਤਾਂ ਹਜ਼ਾਰਾਂ ਸਿੰਘ ਤੇ ਉਸ ਦਾ ਪਰਿਵਾਰ ਸ਼ਾਹ ਮੁਹੰਮਦ ਅਤੇ ਉਸਦੇ ਪੂਰੇ ਪਰਿਵਾਰ ਦਾ ਬਹੁਤ ਜਿਆਦਾ ਨਿੱਘਨਾਲ ਸਵਾਗਤ ਕਰਦੇ ਹਨ। ਦੇਸ਼ ਵੰਡ ਤੋਂ ਬਾਅਦ ਵੀ ਉਹਨਾਂ ਦੋਹਾਂ ਦੇ ਆਪਸੀ ਪਿਆਰ ਮੁਹੱਬਤ ਰਿਸ਼ਤੇ ਨਹੀਂ ਬਦਲਦੇ। ਆਪਣੇ ਨਾਵਲਕਾਰੀ ਰਾਹੀਂ ਨਾਵਲਕਾਰ ਨੇ ਇਸ ਵਿਸ਼ੇ ਰਾਹੀਂ ਇਹ ਵਿਚਾਰ ਦਰਸ਼ਾਉਣ ਦੀ ਪੂਰੀ ਕੋਸ਼ਿਸ਼ ਕੀਤੀ ਹੈ ਕਿ ਧਰਮ ਦੇ ਨਾਂ ਤੇ ਹਿੰਸਾ ਅਤੇ ਕਤਲੇਆਮ ਕੁਝ ਖਾਸ ਰਾਜਨੀਤਿਕ ਗੁੱਟਾਂ ਦੀ ਕਾਰਗੁਜ਼ਾਰੀ ਸੀ। ਇਸ ਕਾਰੇ ਵਿੱਚ ਆਮ ਜਨਤਾ ਦਾ ਕੁਝ ਲੈਣਾ ਦੇਣਾ ਨਹੀਂ ਸੀ। ਸਾਰੇ ਧਰਮਾਂ ਦੇ ਲੋਕ ਵੰਡ ਤੋਂ ਪਹਿਲਾਂ ਵੀ ਪਿਆਰ ਮੁਹੱਬਤ ਨਾਲ ਰਹਿੰਦੇ ਸੀ ਤੇ ਅੱਜ ਵੀ। ਪਰ ਕੁਝ ਧਰਮ ਦੇ ਠੇਕੇਦਾਰਾਂ ਨੇ ਆਪਣੇ ਸਵਾਰਥ ਦੀ ਪੂਰਤੀ ਲਈ ਧਰਮ ਦੇ ਨਾਂ ਤੇ ਦਹਿਸ਼ਤ ਫੈਲਾ ਕੇ ਇੱਕ ਮੁਲਕ ਦੇ ਦੋ ਮੁਲਕ ਬਣਾ ਦਿੱਤੇ। ਉਹਨਾਂ ਨੇ ਇਹ ਸਭ ਕੁਝ ਆਪਣੇ ਸਵਾਰਥ ਦੀ ਪੂਰਤੀ ਲਈ ਕੀਤਾ ਪਰ ਆਮ ਜਨਤਾ ਨੂੰ ਇਸ ਤਰਾਸਦੀ ਦੇ ਬਹੁਤ ਭਿਆਨਕ ਅਸਰ ਭੋਗਣੇ ਪਏ।

ਇਸ ਤੋਂ ਇਲਾਵਾ ਧੀਰ ਗਲਪੀ ਰਚਨਾ ਵਿੱਚ ਪਾਠਕ ਦਾ ਧਿਆਨ ਅਨਪੜ੍ਹਤਾ ਦੇ ਵਿਸ਼ੇ ਵੱਲ ਖਿੱਚਦਾ ਹੈ। ਕਿਉਂਕਿ ਕਿਸੇ ਵੀ ਦੇਸ਼ ਦਾ ਭਵਿੱਖ ਨੌਜਵਾਨ ਪੀੜੀ ਦੇ ਹੱਥਾਂ ਵਿੱਚ ਹੀ ਹੁੰਦਾ ਹੈ। ਜੇਕਰ ਦੇਸ਼ ਦਾ ਯੁਵਾ ਹੀ ਅਨਪੜ੍ਹ ਹੋਵੇਗਾ ਤਾਂ ਦੇਸ਼ ਕਿਸ ਤਰ੍ਹਾਂ ਤਰੱਕੀ ਕਰ ਸਕਦਾ ਹੈ। ਅਨਪੜ੍ਹਤਾ ਦੇ ਮੁੱਖ ਕਾਰਨਾਂ ਵਿੱਚ ਆਰਥਿਕ ਤੰਗੀ, ਪਿੰਡਾਂ ਵਿੱਚ ਸਕੂਲਾਂ ਦੀ ਘਾਟ ਮਾਪਿਆਂ ਦਾ ਅਨਪੜ੍ਹ ਹੋਣਾ ਹੈ। ਇੱਕ ਅਨਪੜ੍ਹ ਆਦਮੀ ਆਮ ਕਰਕੇ ਗਰੀਬੀ ਹੀ ਭੋਗਦਾ ਹੈ, ਕਿਉਂਕਿ ਉਹ ਉਨਾਂ ਤਰੀਕਿਆਂ ਬਾਰੇ ਨਾ ਸੋਚ ਸਕਦਾ ਹੈ ਨਾ ਹੀ ਉਹਨਾਂ ਉੱਤੇ ਅਮਲ ਕਰ ਸਕਦਾ ਹੈ, ਜਿਨਾਂ ਨਾਲ ਉਹ ਆਪਣੀ ਆਮਦਨ

ਵਿੱਚ ਵਾਧਾ ਕਰ ਸਕੇ। ਇਹ ਅਨਪੜ ਕਿਸਾਨ ਆਪਣੀ ਉਪਜ ਨੂੰ ਵਧਾਉਣ ਲਈ ਨਵੀਆਂ ਤਕਨੀਕਾਂ ਨੂੰ ਸਮਝਣ ਤੋਂ ਅਸਮਰਥ ਹੁੰਦਾ ਹੈ। ਅਨਪੜਤਾ ਹੀ ਮਨੁੱਖ ਨੂੰ ਲੋਕ ਰਾਜ ਵਿੱਚ ਸਾਰਥਕ ਰੋਲ ਅਦਾ ਨਹੀਂ ਕਰਨ ਦਿੰਦੀ ਤੇ ਮਨੁੱਖ ਗੈਰ ਸਮਾਜਜੀ ਤੇ ਚੁਸਤ ਚਲਾਕ ਅਫਸਰਾਂ ਦੇ ਹੱਥਾਂ ਵਿੱਚ ਵਿਚ ਖੇਡਣ ਜੋਗਾ ਰਹਿ ਜਾਂਦਾ ਹੈ। ਮੁੱਕਦੀ ਗੱਲ ਇਹ ਹੈ ਕਿ ਅਨਪੜਤਾ ਆਦਮੀ ਦੇ ਸਰੀਰਕ ਮਾਨਸਿਕ ਤੇ ਨੈਤਿਕ ਵਿਕਾਸ ਵਿੱਚ ਰੁਕਾਵਟ ਪੈਦਾ ਕਰਦੀ ਹੈ। ਨਾਵਲਕਾਰ ਨੇ ਅਨਪੜਤਾ ਦੇ ਅਭਿਸ਼ਾਪ ਨੂੰ ਵਿਸ਼ੇ ਵਜੋਂ ਨਾਵਲ ਵਿੱਚ ਪੇਸ਼ ਕੀਤਾ ਹੈ। ਆਪਣੀ ਗਲਪਕਾਰੀ ਵਿੱਚ ਭਿੰਨ ਭਿੰਨ ਵਿਸ਼ਿਆਂ ਨੂੰ ਲੈ ਕੇ ਰਚਨਾ ਕਰਨੀ ਦਰਸ਼ਨ ਧੀਰ ਦੀ ਬਿਰਤਾਂਤਕਾਰੀ ਦਾ ਵਿਸ਼ੇਸ਼ ਗੁਣ ਹੈ। ਇਸ ਨਾਵਲ ਬਾਰੇ ਵੀ ਉਸ ਦਾ ਇਹ ਗੁਣ ਸਮੱਗਰ ਰੂਪ ਵਿੱਚ ਪ੍ਰਗਟ ਹੁੰਦਾ ਹੈ। ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ, ਇਹ ਨਾਵਲ ਸਮਾਜ ਦੀ ਕੌੜੀ ਸੱਚਾਈ ਨੂੰ ਦਰਸ਼ਾਉਂਦਾ ਹੋਇਆ, ਪਾਠਕ ਨੂੰ ਸੋਚਣ ਲਈ ਮਜਬੂਰ ਕਰਦਾ ਹੈ। ਗਰੀਬ ਕਿਸਾਨੀ ਜੀਵਨ, ਅਨਪੜਤਾ, ਭਰਿਸ਼ਟਾਚਾਰ, ਰਿਸ਼ਤਿਆਂ ਦੀ ਪਵਿੱਤਰਤਾ ਅਤੇ ਨਸ਼ੇ ਦੀ ਸਮੱਸਿਆ ਵਰਗੇ ਵਨ ਸੁਵੰਨੇ ਵਿਸ਼ਿਆਂ ਨੂੰ ਇਕੱਠੇ ਕਰਕੇ ਨਾਵਲਕਾਰ ਨੇ ਸਮਾਜਕ ਚੇਤਨਾ ਨੂੰ ਜਾਗਰੂਕ ਕਰਨ ਦੀ ਸਾਰਥਕ ਕੋਸ਼ਿਸ਼ ਕੀਤੀ ਹੈ। ਇਸ ਤਰ੍ਹਾਂ ਇਹ ਸ਼ੋਧ ਪੱਤਰ ਦਰਸ਼ਨ ਧੀਰ ਦੇ ਨਾਵਲ ਅਜ਼ਮਾਇਸ਼ ਦੇ ਮੂਲ ਸਰੋਕਾਰਾਂ ਨੂੰ ਸਮਝਣ ਵੱਲ ਮਹੱਤਵਪੂਰਨ ਕਦਮ ਸਾਬਿਤ ਹੁੰਦਾ ਹੈ।

**ਹਵਾਲੇ ਤੇ ਟਿੱਪਣੀਆਂ**

1 ਜਗਬੀਰ ਸਿੰਘ, ਦਰਸ਼ਨ ਧੀਰ ਦਾ ਨਾਵਲੀ ਪ੍ਰਵਚਨ'ਦਰਸ਼ਨ ਧੀਰ ਦੀ ਨਾਵਲ ਚੇਤਨਾ, ਬਲਕਾਰ ਸਿੰਘ,(ਸੰਪਾਦਕ) ਪੰਨਾ ਨੰਬਰ 7.

2 ਦਰਸ਼ਨ ਧੀਰ, ਅਜ਼ਮਾਇਸ਼, ਪੰਨਾ ਨੰਬਰ 16.

3 ਦਰਸ਼ਨ ਧੀਰ, ਅਜਮਾਇਸ਼, ਪੰਨਾ ਨੰਬਰ 138.

4 ਦਰਸ਼ਨ ਧੀਰ, ਅਜਮਾਇਸ਼, ਪੰਨਾ ਨੰਬਰ ਇੱਕ 413.